# ਮਹਾਤਮਾ ਗਾਂਧੀ (1859-1948)




ਮਢਲਾ ਜੀਵਨ:- ਮਹਾਤਮਾ ਗਾਂਧੀ ਦਾ ਪਰਿਵਾਰਿਕ ਨਾਮ ਮੋਹਨਦਾਸ ਸੀ।ਉਹਨਾਂ ਦਾ ਜਨਮ 2 ਅਕਤੂਬਰ 1869  ਨੂੰ ਪੋਰਬੰਦਰ ਵਿਖੇ ਹੋਇਆ ਸੀ। ਉਹਨਾਂ ਦੇ ਪਿਤਾ ਦਾ ਨਾਮ ਕਰਮ ਚੰਦ ਅਤੇ ਮਾਤਾ ਦਾ ਨਾਮ ਪੁਤਲੀ ਬਾਈ ਸੀ। ਉਹਨਾਂ ਦੇ ਪਿਤਾ ਰਾਜਕੋਟ ਦੀ ਛੋਟੀ ਜਿਹੀ ਰਿਆਸਤ ਦੇ ਦੀਵਾਨ ਸਨ। ਉਨ੍ਹਾਂ ਦੇ ਪਿਤਾ ਭਾਵੇਂ ਬਹੁਤ ਪੜ੍ਹੇ-ਲਿਖੇ ਨਹੀਂ ਸਨ ਪ੍ਰੰਤੂ ਉਹ ਪਵਿੱਤਰ ਆਤਮਾ ਦੇ ਮਾਲਕ ਸਨ। ਗਾਂਧੀ ਜੀ ਦੇ ਜੀਵਨ ਤੇ ਉਨ੍ਹਾਂ ਦੇ ਮਾਤਾ ਜੀ ਦਾ ਵਧੇਰੇ ਪ੍ਰਭਾਵ ਸੀ। ਉਹ ਪੂਰਨ ਰੂਪ ਵਿਚ ਇਕ ਧਾਰਮਿਕ ਇਸਤਰੀ ਸਨ ਅਤੇ ਹਿੰਦੂ ਧਰਮ ਦੇ ਸਿਧਾਂਤਾਂ ਅਨੁਸਾਰ ਪੂਜਾ ਪਾਠ ਕਰਨਾ ਉਨ੍ਹਾਂ ਦਾ ਦੈਨਿਕ ਕਰਤੱਵ ਸੀ। ਮੋਹਨਦਾਸ ਨੇ ਆਪਣੀ ਮੁੱਢਲੀ ਵਿੱਦਿਆ ਪੋਰਬੰਦਰ ਵਿਖੇ ਹੀ ਪ੍ਰਾਪਤ ਕੀਤੀ। ਉਹ ਇਕ ਸਧਾਰਨ ਬੁੱਧੀ ਅਤੇ ਦੁਰਬਲ ਸਰੀਰ ਦੇ ਮਾਲਕ ਸਨ। ਪੜ੍ਹਾਈ ਵਿੱਚ ਉਹ ਕੋਈ ਬਹੁਤ ਹੁਸ਼ਿਆਰ ਨਹੀਂ ਸਨ ਅਤੇ ਉਨ੍ਹਾਂ ਦਾ ਵਿਦਿਆਰਥੀ ਜੀਵਨ ਉਨ੍ਹਾਂ ਦੇ ਮਹਾਨ ਭਵਿੱਖ ਦਾ ਸੰਕੇਤ ਨਹੀਂ ਦਿੰਦਾ ਸੀ।


ਵਿਆਹ:- ਗਾਂਧੀ ਜੀ ਦਾ ਵਿਆਹ ਕਸਤੂਰਾ ਬਾਈ ਨਾਮ ਦੀ ਲੜਕੀ ਨਾਲ 13 ਸਾਲ ਦੀ ਉਮਰ ਵਿਚ ਹੋਇਆ। ਗਾਂਧੀ ਜੀ ਆਪਣੀ ਸਵੈ ਜੀਵਨੀ ਵਿੱਚ ਲਿਖਦੇ ਹਨ ਕਿ ਉਹਨਾਂ ਨੇ ਅਹਿੰਸਾ ਦੀ ਸਿੱਖਿਆ ਆਪਣੀ ਪਤਨੀ ਕਸਤੂਰਾ ਬਾਈ ਤੋਂ ਲਈ। ਗਾਂਧੀ ਜੀ ਦਾ ਵਿਆਹ ਭਾਵੇਂ ਛੋਟੀ ਉਮਰ ਵਿੱਚ ਹੀ ਹੋ ਗਿਆ ਸੀ ਪ੍ਰੰਤੂ ਉਨ੍ਹਾਂ ਨੇ ਆਪਣੀ ਪੜ੍ਹਾਈ ਜਾਰੀ ਰੱਖੀ। 19 ਸਾਲ ਦੀ ਉਮਰ ਵਿਚ ਆਪਣੀ ਸਿੱਖਿਆ ਪੂਰੀ ਕਰਨ ਮਗਰੋਂ ਉਹ ਵਕਾਲਤ ਦੀ ਪੜ੍ਹਾਈ ਕਰਨ ਲਈ ਇੰਗਲੈਂਡ ਗਏ। ਉਹਨਾਂ ਨੇ ਆਪਣੀ ਮਾਤਾ ਨੂੰ ਇਹ ਵਚਨ ਦਿੱਤਾ ਕਿ ਉਹ ਮਾਸ ਨਹੀਂ ਖਾਣਗੇ ਅਤੇ ਪਰਾਈ ਇਸਤਰੀ ਦਾ ਸੰਗ ਨਹੀਂ ਕਰਨਗੇ ।ਇੰਗਲੈਂਡ ਵਿਚ ਲੋਕਾ ਦਾ ਰਹਿਣ ਸਹਿਣ  ਵੱਖਰੀ ਕਿਸਮ ਦਾ ਸੀ। ਆਰੰਭ ਵਿਚ ਉਨ੍ਹਾਂ ਦੇ ਮਨ ਵਿਚ "ਅੰਗਰੇਜ਼ ਜੈਂਟਲਮੈਨ" ਬਣਨ ਦੀ ਤੀਬਰ ਇੱਛਾ ਸੀ ਅਤੇ ਇਸ ਮੰਤਵ ਲਈ ਉਹਨਾਂ ਨੇ ਬੜੇ ਕੀਮਤੀ ਕੱਪੜੇ ਖ਼ਰੀਦੇ ਅਤੇ ਨਾਚ ਆਦਿ ਸਿੱਖਣ ਦਾ ਵੀ ਯਤਨ ਕੀਤਾ। ਪਰੰਤੂ ਤੁਰੰਤ ਹੀ ਉਹਨਾਂ ਨੇ ਅਨੁਭਵ ਕੀਤਾ ਕਿ ਉਹਨਾਂ ਨੇ ਜੀਵਨ ਭਰ ਇੰਗਲੈਂਡ ਵਿੱਚ ਨਹੀਂ ਰਹਿਣਾ ਹੈ ਅਤੇ ਇੰਗਲੈਂਡ ਆਉਣ ਦਾ ਉਹਨਾਂ ਦਾ ਮੰਤਵ ਅੰਗਰੇਜ਼ ਬਣਨਾ ਨਹੀਂ ਸਗੋਂ ਵਕਾਲਤ ਦੀ ਪੜ੍ਹਾਈ ਕਰਨਾ ਹੈ। ਅਜਿਹਾ ਅਨੁਭਵ ਕਰਨ ਮਗਰੋਂ ਉਹਨਾਂ ਨੇ ਨਿਰਣਾ ਕਰ ਲਿਆ ਕਿ ਉਹ ਇੱਕ ਸਧਾਰਨ ਭਾਰਤੀ ਵਾਂਗ ਇੰਗਲੈਂਡ ਵਿੱਚ ਰਹਿਣਾ ਅਤੇ ਆਪਣੇ ਧਰਮ ਸਬੰਧੀ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨਗੇ। ਕੁਝ ਸਮੇਂ ਮਗਰੋਂ ਹੀ ਗਾਂਧੀ ਜੀ ਨੇ ਸਰ ਆਰਨਲਡ ਦੁਆਰਾ ਤਿਆਰ ਕੀਤਾ ਹੋਇਆ ਗੀਤ ਦਾ ਅਨੁਵਾਦ ਪੜ੍ਹਿਆ ਅਤੇ ਉਹ ਗੀਤ ਦੀ ਸਿੱਖਿਆ ਤੋਂ ਬਹੁਤ ਪ੍ਰਭਾਵਿਤ ਹੋਏ। ਇਸ ਤਰ੍ਹਾਂ ਗਾਂਧੀ ਜੀ ਦੇ ਮਨ ਵਿੱਚ ਸਖ਼ਤ ਮਿਹਨਤ ਕਰਨ ਅਤੇ ਨਿਯਮਤ ਜੀਵਨ ਬਤੀਤ ਕਰਨ ਦੀ ਭਾਵਨਾ ਘਰ ਕਰ ਗਈ। ਇਸ ਭਾਵਨਾ ਦੇ ਫਲਸਰੂਪ ਹੀ ਗਾਂਧੀ ਜੀ  ਇੰਗਲੈਂਡ ਵਿਚ ਅਨੇਕਾਂ ਕਠਿਨਾਈਆਂ ਦਾ ਸਾਹਮਣਾ ਕਰਨ ਦੇ ਯੋਗ ਹੋ ਸਕੇ । 1892 ਵਿਚ ਉਨ੍ਹਾਂ ਨੇ ਵਕਾਲਤ ਦਾ ਇਮਤਿਹਾਨ ਪਾਸ ਕੀਤਾ ਅਤੇ ਉਹ ਭਾਰਤ ਪਰਤ ਆਏ।

# ਗਾਂਧੀ ਜੀ ਦਾ ਅੰਤ

ਭਾਰਤ 15 ਅਗਸਤ ,1947 ਨੂੰ ਅਜ਼ਾਦ ਹੋ ਗਿਆ ਅਤੇ ਇਸ ਮਹਾਨ ਮਨੁੱਖ ਨੇ ਦੇਸ਼ ਵਿੱਚੋਂ ਸੰਪਰਦਾਇਕ ਕੁੜੱਤਣ ਨੂੰ ਦੂਰ ਕਰਨ ਲਈ ਆਪਣੇ ਜਤਨਾਂ ਨੂੰ ਜਾਰੀ ਰੱਖਿਆ। 30 ਜਨਵਰੀ, 1948 ਨੂੰ ਅਹਿੰਸਾ, ਸੱਚਾਈ ,ਪ੍ਰੇਮ ਅਤੇ ਸ਼ਾਂਤੀ ਦੇ ਇਸ ਦੇਵਤਾ ਨੂੰ ਨੱਥੂ ਰਾਮ ਗੋਡਸੇ ਨਾਮ ਦੇ ਵਿਅਕਤੀ ਨੇ ਤਿੰਨ ਗੋਲੀਆਂ ਮਾਰ ਕੇ ਸਦਾ ਲਈ ਅਲੋਪ ਕਰ ਦਿੱਤਾ ।ਇਸ ਮਹਾਨ ਆਤਮਾ ਦੇ ਅਲੋਪ ਹੋ ਜਾਣ ਤੇ ਪੰਡਿਤ ਨਹਿਰੂ ਜੀ ਨੇ ਕਿਹਾ ਕਿ "ਸਾਡੇ ਜੀਵਨ ਵਿੱਚ ਅਲੋਪ ਹੋ ਗਿਆ ਹੈ ਅਤੇ ਹਰ ਪਾਸੇ ਹਨੇਰਾ ਹੀ ਹਨੇਰਾ ਹੈ।"



# ਆਹਿੰਸਾ ਸਬੰਧੀ ਗਾਂਧੀ ਜੀ ਦੇ ਵਿਚਾਰ




- ਮਹਾਤਮਾ ਗਾਂਧੀ ਨੂੰ ਭਾਰਤ ਦਾ ਰਾਸ਼ਟਰਪਤੀ ਹੋਣ ਦਾ ਮਾਣ ਪ੍ਰਾਪਤ ਹੈ। ਮਹਾਤਮਾ ਗਾਂਧੀ ਨੇ ਨਾ ਕੇਵਲ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਹੀ ਅਤਿਅੰਤ ਮਹੱਤਵਪੂਰਨ ਭੂਮਿਕਾ ਨਿਭਾਈ ਸੀ, ਸਗੋਂ ਉਹਨਾਂ ਨੇ ਕੁਝ ਅਜਿਹੇ ਰਾਜਨੀਤਕ, ਸਮਾਜਿਕ ,ਆਰਥਿਕ ਅਤੇ ਨੈਤਿਕ ਵਿਚਾਰ ਪੇਸ਼ ਕੀਤੇ ਹਨ, ਜਿਹਨਾਂ ਦੇ ਕਾਰਨ ਮਾਨਵ ਵਿਚਾਰਧਾਰਾ ਦੇ ਇਤਿਹਾਸ ਵਿਚ ਗਾਂਧੀ ਜੀ ਦਾ ਜਨਮ ਸਦਾ ਅਮਰ ਰਹੇਗਾ । ਗਾਂਧੀ ਜੀ ਦੇ ਅਨੇਕਾਂ ਵਿਚਾਰਾਂ ਵਿਚੋਂ ਉਨ੍ਹਾਂ ਦਾ ਅਹਿੰਸਾ ਦਾ ਵਿਚਾਰ ਮਾਨਵਤਾ ਨੂੰ ਉਤਸ਼ਾਹਜਨਕ ਦੇਣ ਹੈ। ਹਿੰਸਾ ਸਬੰਧੀ ਗਾਂਧੀ ਜੀ ਦੇ ਸਰਵ ਪੱਖੀ ਵਿਚਾਰਾਂ ਦਾ ਸੰਖੇਪ ਵਰਣਨ ਇਸ ਪ੍ਰਕਾਰ ਹੈ:-
- ਅਹਿੰਸਾ ਦਾ ਅਰਥ:-ਗਾਂਧੀ ਜੀ ਦਾ ਵਿਚਾਰ ਸੀ ਕਿ ਜਿਸ ਤਰ੍ਹਾਂ ਹਿੰਸਾ ਪਸ਼ੂ ਜਗਤ ਦਾ ਇੱਕ ਜ਼ਰੂਰੀ ਨਿਯਮ ਹੈ ਉਸੇ ਤਰ੍ਹਾਂ ਅਹਿੰਸਾ ਮਾਨਵ ਜਾਤੀ ਦਾ ਮੂਲ ਅਧਾਰ ਹੈ। ਗਾਂਧੀ ਜੀ ਆਹਿੰਸਾ ਨੂੰ ਨਾ ਕੇਵਲ ਇਕ ਦਾਰਸ਼ਨਿਕ ਸਿਧਾਂਤ ਹੀ ਸਮਝਦੇ ਸਨ ,ਸਗੋਂ ਉਹਨਾਂ ਲਈ ਅਹਿੰਸਾ ਉਨ੍ਹਾਂ ਦੇ ਜੀਵਨ ਦਾ ਮੂਲ -ਸਵਾਸ ਸੀ। ਅਹਿੰਸਾ ਦਾ ਸ਼ੁਬਦੀ ਅਰਥ ਕਿਸੇ ਨੂੰ ਨਾ ਮਾਰਨਾ ਹੈ। ਕਿਸੇ ਵੀ ਵਿਅਕਤੀ ਜਾਂ ਜੀਵ ਨੂੰ ਕਿਸੇ ਪ੍ਰਕਾਰ ਦੀ ਸਰੀਰਕ ਹਾਨੀ ਨਾ ਪਹੁੰਚਾਉਣਾ ਹੀ ਅਹਿੰਸਾ ਹੈ। ਪਰ ਗਾਂਧੀ ਜੀ ਨੇ ਅਹਿੰਸਾ ਦੇ ਅਰਥਾਂ ਨੂੰ ਕੇਵਲ ਸ਼ਬਦੀ ਰੂਪ ਵਿੱਚ ਹੀ ਪੇਸ਼ ਨਹੀਂ ਕੀਤਾ, ਸਗੋਂ ਉਹਨਾਂ ਨੇ ਇਸ ਸਿਧਾਂਤ ਦੇ ਅਰਥਾਂ ਨੂੰ ਬੜੇ ਵਿਸ਼ਾਲ ਰੂਪ ਵਿੱਚ ਲਿਆ ਹੈ। ਗਾਂਧੀ ਜੀ ਦੇ ਵਿਚਾਰ ਵਿੱਚ ਦੂਜਿਆਂ ਬਾਰੇ ਬੁਰਾ ਸੋਚਣ ਜਾਂ ਕਠੋਰ ਭਾਸ਼ਾ ਦੀ ਵਰਤੋਂ ਕਰਨਾ ਵੀ ਹੁੰਦਾ ਹੈ।
- ਅਹਿੰਸਾ ਦੀਆਂ ਕੁਝ ਜ਼ਰੂਰੀ ਸ਼ਰਤਾਂ:-ਗਾਂਧੀ ਜੀ ਦੇ ਅਹਿੰਸਾ ਦੇ ਸਿਧਾਂਤ ਦੀਆਂ ਕੁੱਝ ਜ਼ਰੂਰੀ ਸ਼ਰਤਾਂ ਹਨ। ਉਹਨਾਂ ਸ਼ਰਤਾਂ ਦੀ ਪਾਲਣਾ ਕੀਤੇ ਬਿਨ੍ਹਾਂ ਕਿਸੇ ਵਿਅਕਤੀ ਲਈ ਸਹੀ ਅਰਥਾਂ ਵਿਚ ਅਹਿੰਸਾ ਦਾ ਪੁਜਾਰੀ ਬਣਨਾ ਲਗਭਗ ਅਸੰਭਵ ਹੈ। ਅਹਿੰਸਾ ਦੀਆਂ ਅਜਿਹੀਆਂ ਕੁੱਝ ਜ਼ਰੂਰੀ ਸ਼ਰਤਾਂ ਇਸ ਪ੍ਰਕਾਰ ਹਨ:-

1. ਸੱਚਾਈ:-ਸੱਚਾਈ ਅਹਿੰਸਾ ਦਾ ਮੂਲ ਤੱਤ ਹੈ ।ਗਾਂਧੀ ਜੀ ਇਸ ਵਿਚਾਰ ਦੇ ਸਮਰਥਕ ਸਨ ਕਿ ਪ੍ਰਮਾਤਮਾ ਸੱਚਾਈ ਨਹੀਂ ਹੈ ,ਸਗੋਂ ਸੱਚਾਈ ਪਰਮਾਤਮਾ ਹੈ। ਸੱਚਾਈ ਸਬੰਧੀ ਗਾਂਧੀ ਜੀ ਨੇ ਕਿਹਾ ਸੀ ਕਿ, " ਮੇਰੇ ਲਈ ਸੱਚ ਸਰਵ-ਉੱਤਮ ਸਿਧਾਂਤ ਹੈ ਜਿਸ ਵਿੱਚ ਅਨੇਕਾਂ ਦੂਜੇ ਸਿਧਾਂਤ ਸ਼ਾਮਿਲ ਹਨ।ਇਸ ਸੱਚਾਈ ਦਾ ਅਰਥ ਕੇਵਲ ਸ਼ਬਦ ਦੀ ਹੀ ਸੱਚਾਈ ਨਹੀਂ, ਸਗੋਂ ਵਿਚਾਰ ਦੀ ਵੀ ਸੱਚਾਈ ਹੈ। ਇਹ ਸੱਚਾਈ ਸਾਡੇ ਆਪਣੇ ਖਿਆਲ ਅਨੁਸਾਰ ਨਹੀ, ਸਗੋਂ ਇਹ ਸੰਪੂਰਨ ਸਚਾਈ ਹੈ। ਇਹ ਉਹ ਚਿਰੰਜੀਵ ਸਿਧਾਂਤ ਹੈ ਜਿਸ ਨੂੰ ਪਰਮਾਤਮਾ ਕਿਹਾ ਜਾ ਸਕਦਾ ਹੈ।

- 2. ਅੰਦਰਲੀ ਪਵਿੱਤਰਤਾ:- ਗਾਂਧੀ ਜੀ ਨੇ ਇਸ ਗੱਲ ਤੇ ਵਿਸ਼ੇਸ਼ ਜ਼ੋਰ ਦਿੱਤਾ ਸੀ ਕਿ ਮਨੁੱਖ ਆਤਮਕ ਤੌਰ ਤੇ ਪਵਿੱਤਰ ਹੋਣਾ ਚਾਹੀਦਾ ਹੈ।ਆਤਮਕ ਪਵਿੱਤਰਤਾ ਦਾ ਭਾਵ ਹੀ ਅੰਦਰਲੀ ਪਵਿੱਤਰਤਾ ਹੈ। ਅਹਿੰਸਾ ਦੇ ਪੁਜਾਰੀ ਲਈ ਸ਼ੁੱਧ ਵਿਚਾਰਾਂ ਅਤੇ ਸ਼ੁੱਧ ਭਾਵਨਾਵਾਂ ਦੀ ਹੋਂਦ ਜ਼ਰੂਰੀ ਹੈ। ਜੇਕਰ ਕਿਸੇ ਮਨੁੱਖ ਦੀ ਆਤਮਾ ਵਿਚ ਕਿਸੇ ਪ੍ਰਕਾਰ ਦਾ ਛਲ ਜਾਂ ਕਪਟ ਹੈ ਉਹ ਵਿਅਕਤੀ ਅਹਿੰਸਾ ਨੂੰ ਗ੍ਰਹਿਣ ਨਹੀਂ ਕਰ ਸਕਦਾ। ਅਹਿੰਸਾ ਤੇ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਲਈ ਅੰਦਰਲੀ ਪਵਿੱਤਰਤਾ ਦੀ ਹੋਂਦ ਜ਼ਰੂਰੀ ਹੈ। ਅਹਿੰਸਾ ਸਾਧਾਰਨ ਸੰਸਾਰਿਕ ਮਨੁੱਖਾਂ ਦਾ ਸਿੱਧਾਂਤ ਨਹੀਂ ਹੈ, ਸਗੋਂ ਇਸ ਸਿਧਾਂਤ ਨੂੰ ਗ੍ਰਹਿਣ ਕਰਨ ਲਈ ਕਠੋਰ ਸਾਧਨਾ ਕਰਨੀ ਪੈਂਦੀ ਹੈ।
- 3. ਵਰਤ ਰੱਖਣਾ:- ਵਰਤ ਰੱਖਣਾ ਇਕ ਅਜਿਹਾ ਅਹਿੰਸਕ ਸਾਧਨ ਹੈ, ਜਿਸ ਦੁਆਰਾ ਵਿਅਕਤੀ ਆਪਣੇ ਆਪ ਨੂੰ ਕਸ਼ਟ ਦੇ ਕੇ ਦੂਜਿਆਂ ਦੇ ਅਨਿਆਂ ਅਤੇ ਬੁਰਾਈ ਦੀ ਵਿਰੋਧਤਾ ਕਰਦਾ ਹੈ। ਗਾਂਧੀ ਜੀ ਦੀ ਦ੍ਰਿਸ਼ਟੀ ਵਿੱਚ ਵਰਤ ਰੱਖਣਾ  ਆਤਮ- ਸ਼ੁੱਧੀ ਦਾ ਇਕ ਮਹੱਤਵਪੂਰਨ ਸਾਧਨ ਹੈ। ਉਨ੍ਹਾਂ ਦੇ ਕਥਨ ਅਨੁਸਾਰ,"ਇੱਕ ਉਚਿੱਤ ਵਰਤ ਸਰੀਰ, ਮਨ ਅਤੇ ਆਤਮਾ ਨੂੰ ਸ਼ੁਧ ਕਰਦਾ ਹੈ ।ਇਹ ਸਰੀਰਕ ਮਾਸ ਨੂੰ ਕਸ਼ਟ ਦਿੰਦਾ ਹੈ ਅਤੇ ਇਸ ਤਰ੍ਹਾਂ ਆਤਮਾ ਨੂੰ ਸੁਤੰਤਰ ਕਰਦਾ ਹੈ।
- 4. ਨਿਡਰਤਾ:- ਗਾਂਧੀ ਜੀ ਦੀ ਦ੍ਰਿਸ਼ਟੀ ਵਿੱਚ ਅਹਿੰਸਾ ਬਹਾਦਰ ਅਤੇ ਬਲਵਾਨ ਵਿਅਕਤੀਆਂ ਦਾ ਗੁਣ ਹੈ ਅਤੇ ਇਸ ਲਈ ਨਿਡਰਤਾ ਦੀ ਬਹੁਤ ਲੋੜ ਹੈ। ਬੁਜ਼ਦਿਲ ਵਿਅਕਤੀ ਅਹਿੰਸਾ ਦੀ ਵਰਤੋਂ ਨਹੀਂ ਕਰ ਸਕਦੇ। ਬੁਜ਼ਦਿਲੀ ਅਤੇ ਅਹਿੰਸਾ ਦੋ ਵੱਖ ਵੱਖ ਚੀਜਾਂ ਹਨ ਅਤੇ ਇਹਨਾਂ ਵਿੱਚ ਕੋਈ ਸੁਮੇਲ ਨਹੀਂ ਹੋ ਸਕਦਾ। ਇਕ ਬੁਜ਼ਦਿਲੀ ਵਿਅਕਤੀ ਖ਼ਤਰੇ ਦੀ ਸੰਭਾਵਨਾ ਨੂੰ ਅਨੁਭਵ ਕਰ ਕੇ ਦੌੜ ਜਾਂਦਾ ਹੈ ਅਤੇ ਉਸ ਦਾ ਸਾਹਮਣਾ ਨਹੀਂ ਕਰਦਾ। ਪਰ ਅਹਿੰਸਾ ਦਾ ਸੱਚਾ ਪੁਜਾਰੀ ਕਦੇ ਅਜਿਹਾ ਨਹੀਂ ਕਰੇਗਾ, ਸਗੋਂ ਉਹ ਖਤਰੇ ਦਾ ਅਹਿੰਸਕ ਸਾਧਨਾਂ ਦੁਆਰਾ ਸਾਹਮਣਾ ਕਰੇਗਾ। ਬੁਜ਼ਦਿਲੀ ਦੀ ਨਿਖੇਧੀ ਕਰਦਿਆਂ ਇੱਥੋ ਤਕ ਕਿਹਾ ਕਿ ਜੇਕਰ ਉਹਨਾਂ ਨੂੰ ਬੁਜ਼ਦਿਲੀ ਅਤੇ ਹਿੰਸਾ ਵਿਚੋਂ ਚੋਣ ਕਰਨੀ ਪੈ ਜਾਵੇ ਤਾਂ ਉਹ ਹਿੰਸਾ ਨੂੰ ਪਹਿਲ ਦੇਣਗੇ। ਗਾਂਧੀ ਜੀ ਦੀ ਦ੍ਰਿਸ਼ਟੀ ਵਿੱਚ ਅਹਿੰਸਾ ਦਾ ਅਰਥ ਸੰਪੂਰਨ ਨੇ ਡਰਦਾ ਹੈ।

- 5. ਤਿਆਗ ਦੀ ਭਾਵਨਾ:- ਜਿਸ ਮਨੁੱਖ ਵਿਚ ਪਦਾਰਥਕ ਲਾਭਾਂ ਲਈ ਬਹੁਤ ਜ਼ਿਆਦਾ ਹੈ ਅਤੇ ਜੋ ਵਿਅਕਤੀ ਇਸ ਭੌਤਿਕਵਾਦੀ ਸੰਸਾਰ ਦੀਆਂ ਖਿੱਚਾ ਦਾ ਵਧੇਰੇ ਸ਼ਿਕਾਰ ਹੈ ਉਹ ਮਨੁੱਖ ਅਹਿੰਸਾ ਦਾ ਸੱਚਾ ਸਮਰਥਕ ਨਹੀਂ ਹੋ ਸਕਦਾ।ਆਹਿੰਸਾ ਦੇ ਪੁਜਾਰੀ ਵਿੱਚ ਭੋਤਿਕਵਾਦੀ ਦ੍ਰਿਸ਼ਟੀਕੋਣ  ਨਹੀਂ, ਸਗੋਂ ਉਸ ਵਿੱਚ ਤਿਆਗ ਦੀ ਭਾਵਨਾ ਹੋਣੀ ਚਾਹੀਦੀ ਹੈ ।ਉਸ ਨੂੰ ਆਪਣੇ ਆਪ ਨੂੰ ਸੰਸਾਰੀ ਸੁੱਖਾਂ ਵਿਚ ਇੰਨਾ ਜ਼ਿਆਦਾ ਲੀਨ ਨਹੀਂ ਕਰ ਲੈਣਾ ਚਾਹੀਦਾ ਕਿ ਉਸ ਦੇ ਮਨ ਵਿਚ ਕਬਜ਼ੇ ਦੀ ਭਾਵਨਾ ਦੀ ਪ੍ਰਮੁੱਖਤਾ ਹੋਵੇ ।ਗਾਂਧੀ ਜੀ ਦੇ ਕਥਨ ਅਨੁਸਾਰ ,"ਜੀਵਨ ਦੇ ਬਹੁਤ ਸਾਰੇ ਅਖੌਤੀ ਸੁੱਖ ਨਾ ਕੇਵਲ ਜ਼ਰੂਰੀ ਹਨ, ਸਗੋਂ ਮਨੁੱਖਤਾ ਦੇ ਵਿਕਾਸ ਦੇ ਰਸਤੇ ਵਿੱਚ ਰੁਕਾਵਟਾਂ ਹਨ।"

6. ਦ੍ਰਿੜ੍ਹਤਾ:- ਗਾਂਧੀ ਜੀ ਇਸ ਗੱਲ ਨੂੰ ਅਨੁਭਵ ਕਰਦੇ ਸਨ ਕਿ ਅਹਿੰਸਾ ਦੁਆਰਾ ਲੋੜੀਂਦੇ ਸਿੱਟੇ ਤੁਰੰਤ ਪ੍ਰਾਪਤ ਨਹੀਂ ਕੀਤੇ ਜਾ ਸਕਦੇ ।ਇਸ ਲਈ ਇਹ ਜ਼ਰੂਰੀ ਹੈ ਕਿ ਅਹਿੰਸਾ ਦੇ ਪੁਜਾਰੀ ਵਿਚ ਸਬਰ, ਦ੍ਰਿੜ੍ਹਤਾ ਅਤੇ ਨਿਰੰਤਰ ਉੱਦਮ ਕਰਨ ਦੀ ਲਗਨ ਹੋਣੀ ਚਾਹੀਦੀ ਹੈ ।ਇਹ ਠੀਕ ਹੈ ਕਿ ਕਈ ਵਾਰੀ ਹਿੰਸਾਤਮਕ ਸਾਧਨਾਂ ਦੁਆਰਾ ਲੋੜੀਂਦੇ ਸਿੱਟੇ ਤੁਰੰਤ ਪ੍ਰਾਪਤ ਕੀਤੇ ਜਾ ਸਕਦੇ ਹਨ, ਪਰੰਤੂ ਹਿੰਸਾ ਦੀ ਵਰਤੋਂ ਦੁਆਰਾ ਪ੍ਰਾਪਤ  ਕਿਤੇ ਸਿੱਟੇ ਜ਼ਿਆਦਾ ਸਮੇਂ ਲਈ ਸਥਿਰ ਨਹੀਂ ਰਹਿ ਸਕਦੇ। ਅਹਿੰਸਾ ਤੇ ਵਿਸ਼ਵਾਸ ਰੱਖਣ ਵਾਲੇ ਵਿਅਕਤੀ ਦਾ ਪਰਮਾਤਮਾ ਦੇ ਅਟੁੱਟ ਵਿਸ਼ਵਾਸ ਹੁੰਦਾ ਹੈ। ਇਸ ਲਈ ਅਹਿੰਸਾ ਦਾ ਸਮਰਥਕ ਕਦੇ ਹਾਰ ਨੂੰ ਸਵੀਕਾਰ ਨਹੀਂ ਕਰਦਾ, ਸਗੋਂ ਉਹ ਆਪਣਾ ਸੰਘਰਸ਼ ਨਿਰੰਤਰ ਜਾਰੀ ਰੱਖਦਾ ਹੈ ਅਤੇ ਦ੍ਰਿੜਤਾ -ਸਹਿਤ  ਬੁਰਾਈ ਦਾ ਸਾਹਮਣਾ ਕਰਨ ਲਈ ਜਤਨਸ਼ੀਲ ਰਹਿੰਦਾ ਹੈ।

- 7. ਦੇਸ਼ ਦੀ ਰੱਖਿਆ ਅਤੇ ਅਹਿੰਸਾ:- ਗਾਂਧੀ ਜੀ ਦਾ ਅਹਿੰਸਾ ਤੇ ਇੰਨਾ ਜ਼ਿਆਦਾ ਅਟੁੱਟ ਵਿਸ਼ਵਾਸ ਸੀ ਕਿ ਉਹਨਾਂ ਨੇ ਇਹ ਵਿਚਾਰ ਵੀ ਪੇਸ਼ ਕੀਤਾ ਕਿ ਜੇਕਰ ਦੇਸ਼ ਨੂੰ ਕਿਸੇ ਬਾਹਰਲੇ ਹਮਲੇ ਦਾ ਸਾਹਮਣਾ ਕਰਨਾ ਪਵੇ ਤਾਂ ਵੀ ਸਤਿਆਗ੍ਰਹਿ ਨੂੰ ਹਿੰਸਾ ਦਾ ਪੱਲਾ ਨਹੀਂ ਛੱਡਣਾ ਚਾਹੀਦਾ। ਗਾਂਧੀ ਜੀ ਦਾ ਇਹ ਵਿਸ਼ਵਾਸ ਸੀ ਕਿ ਜਿਸ ਰਾਸ਼ਟਰ ਨੇ ਅਹਿੰਸਾਤਮਕ ਸਾਧਨਾਂ ਦੁਆਰਾ ਕੁਝ ਪ੍ਰਾਪਤ ਕੀਤਾ ਹੈ ਉਸਦੀ ਰਖਿਆ ਅਹਿੰਸਾਤਮਕ ਸਾਧਨਾਂ ਦੁਆਰਾ ਹੀ ਹੋ ਸਕਦੀ ਹੈ। ਗਾਂਧੀ ਜੀ ਦਾ ਇਹ ਵਿਚਾਰ ਸੀ ਕਿ ਹਿੰਸਾ ਦੀ ਵਰਤੋਂ ਦੁਆਰਾ ਪ੍ਰਾਪਤ ਕੀਤੇ ਪਦਾਰਥਾਂ ਦੀ ਰੱਖਿਆ ਅਹਿੰਸਕ ਸਾਧਨਾਂ ਦੁਆਰਾ ਨਹੀਂ ਕੀਤੀ ਜਾ ਸਕਦੀ।ਗਾਂਧੀ ਜੀ ਇਸ ਵਿਚਾਰ ਦੇ ਸਮਰਥਕ ਸਨ ਕਿ ਅਹਿੰਸਾ ਤੇ ਵਿਸ਼ਵਾਸ ਰੱਖਣ ਵਾਲੇ ਵਿਅਕਤੀਆਂ ਨੂੰ ਬਾਹਰਲੇ ਹਮਲੇ ਦਾ ਟਾਕਰਾ ਅਹਿੰਸਾ ਦੇ ਬਲ ਨਾਲ ਕਰਨਾ ਚਾਹੀਦਾ ਹੈ। ਦੁਸ਼ਮਣ ਭਾਵੇਂ ਉਨ੍ਹਾਂ ਦੀ ਜਾਨ ਲੈ ਲੈਣ ਪ੍ਰੰਤੂ ਕਿਸੇ ਸੱਤਿਆਗ੍ਰਹਿ ਨੂੰ ਦੁਸ਼ਮਣ ਦਾ ਮਨ ਜਿੱਤਣਾ ਚਾਹੀਦਾ ਹੈ।

# ਆਲੋਚਨਾ

- ਇਸ ਵਿਚ ਕੋਈ ਸੰਦੇਹ ਨਹੀਂ ਹੈ ਕਿ ਗਾਂਧੀ ਜੀ ਦਾ ਅਹਿੰਸਾ ਦਾ ਸਿਧਾਂਤ ਬੜਾ ਪਵਿੱਤਰ, ਪ੍ਰਸ਼ੰਸਾਯੋਗ ਅਤੇ ਸ਼ੁਭ ਵਿਚਾਰ ਹੈ।ਇਸ ਸਬੰਧੀ ਸਾਨੂੰ ਇਹ ਕਹਿਣ ਵਿੱਚ ਸੰਕੋਚ ਨਹੀਂ ਹੈ ਕਿ ਵਰਤਮਾਨ ਯੁੱਗ ਦੇ ਭੌਤਿਕ ਸੰਸਾਰ ਵਿੱਚ ਅਜਿਹੇ ਅਧਿਆਤਮਿਕ ਸਿਧਾਂਤ ਲਈ ਅਮਲੀ ਰੂਪ ਧਾਰਨ ਕਰਨਾ ਅਸੰਭਵ ਹੈ। ਜੇਕਰ ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦਾ ਧਿਆਨ ਪੂਰਵਕ ਅਧਿਐਨ ਕਰੀਏ ਤਾਂ ਸਾਨੂੰ ਇਹ ਸਪੱਸ਼ਟ ਹੋ ਜਾਵੇਗਾ ਕਿ ਕੋਈ ਵੀ ਅੰਦੋਲਨ ਹਿੰਸਕ ਘਟਨਾਵਾਂ ਤੋਂ ਬਚ ਨਹੀਂ ਸਕਿਆ ਸੀ। ਸਾਡੇ ਵਿਚਾਰ ਵਿੱਚ ਇਹ ਕਹਿਣਾ ਠੀਕ ਨਹੀਂ ਹੈ ਕਿ ਗਾਂਧੀ ਜੀ ਦੇ ਅਹਿੰਸਾ ਦੇ ਸਿਧਾਂਤ ਦੇ ਕਾਰਨ ਭਾਰਤ ਵਿਦੇਸ਼ੀ ਗੁਲਾਮੀ ਤੋਂ ਸੁਤੰਤਰ ਹੋ ਸਕਿਆ ਸੀ। ਅਜਿਹਾ ਕਹਿਣ ਦਾ ਭਾਵ ਉਹਨਾਂ ਅਨੇਕਾਂ ਸ਼ਹੀਦਾਂ ਨਾਲ ਅਨਿਆਂ ਕਰਨਾ ਹੋਵੇਗਾ ਜਿਨ੍ਹਾਂ ਸ਼ਹੀਦਾਂ ਦੇ ਡੁੱਲੇ ਲਹੂ ਹੈ ਵਿਦੇਸ਼ੀਆਂ ਨੂੰ ਇਸ ਧਰਤੀ ਨੂੰ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਗਾਂਧੀ ਜੀ ਦਾ ਅਹਿੰਸਾ ਦਾ ਸਿਧਾਂਤ ਏਕ ਮਹਾਨ ਸ਼ੁਭ -ਕਾਮਨਾ ਹੈ, ਪਰ ਮਾਨਵ-ਸੁਭਾਅ ਇਸ ਸ਼ੁਭ ਕਾਮਨਾ ਨੂੰ ਅਮਲੀ ਰੂਪ ਦੇਣ ਦੇ ਯੋਗ ਨਹੀਂ ਹੈ।